**ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸਦ, ਪੰਜਾਬ**
**ਬਲਾਕ ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਮ, ਫੇਜ-8 ਮੋਹਾਲੀ**
**ਫੋਨ ਨੰ:0172-2212221,**

ਵੱਲ

ਪ੍ਰਿੰਸੀਪਲ,
ਸਮੂਹ ਡੀ.ਪੀ.ਐਡ ਕਾਲਿਜਸ, ਪੰਜਾਬ।

ਮੀਮੋ ਨੰ: 6/2-18ਪ੍ਰੀ(6)
ਮਿਤੀ: ਐਸ.ਏ.ਐਸ.ਨਗਰ 10.01.2019

ਵਿਸ਼ਾ: ਡੀ.ਪੀ.ਐਡ ਸ਼ੈਸ਼ਨ 2018-20, ਸਮੈਸਟਰ ਪਹਿਲਾ (ਰੈਗੂਲਰ) ਦੀਆਂ ਰੋਲ ਨੰਬਰ ਸਲਿਪਾਂ/ਐਡਮਿਟ ਕਾਰਡ ਅਤੇ ਕੱਟ ਲਿਸਟਾਂ ਡਾਊਨਲੋਡ/ਇਸੂ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਪੰਜਾਬ ਸਿੱਖਿਆ ਵਿਭਾਗ ਵੱਲੋਂ ਡਿਪਲੋਮਾਂ ਇੰਨ ਫਿਜੀਕਲ ਐਜੂਕੇਸ਼ਨ 2018-20 ਸਮੈਸਟਰ ਪਹਿਲਾ (ਰੈਗੂਲਰ) ਦੇ ਸਿੱਖਿਆਰਥੀਆਂ ਦੀ ਪ੍ਰੀਖਿਆ ਜੋ 14.01.2019 ਤੋਂ ਲਈ ਜਾਣੀ ਹੈ।

ਇਸ ਸਬੰਧੀ ਪੰਜਾਬ ਰਾਜ ਦੇ ਪ੍ਰਿੰਸੀਪਲਜ਼ ਡੀ.ਪੀ.ਐਡ ਕਾਲਿਜਸ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੀ ਆਪਣੀ ਸੰਸਥਾ ਦੇ ਰੋਲ ਨੰਬਰ/ਐਡਮਿਟ ਕਾਰਡ ਡੀ.ਪੀ.ਐਡ ਪੋਰਟਲ ਤੋਂ ਆਪਣੀ ਲੋਗਇੰਨ ਵਿੱਚੋਂ ਡਾਊਨਲੋਡ ਕਰਕੇ ਅਤੇ ਕਾਲਜ ਪ੍ਰਿੰਸੀਪਲ ਵੱਲੋਂ ਸਿੱਖਿਆਰਥੀਆਂ ਦਾ ਸਮੂਚਾ ਰਿਕਾਰਡ, ਪ੍ਰੀਖਿਆ ਫੀਸਾਂ ਦਾ ਵੇਰਵਾ ਅਤੇ ਲੋੜੀਂਦੀ ਹਾਜਰੀ ਚੰਗੀ ਤਰ੍ਹਾਂ ਵੈਰੀਫਾਈ ਕਰਨ ਉਪਰੰਤ ਰੋਲ ਨੰਬਰ/ਐਡਮਿਟ ਕਾਰਡ ਤੇ ਸਹੀ ਕਰਨ ਅਤੇ ਵਿਦਿਆਰਥੀਆਂ ਦੀ ਫੋਟੋ ਤਸਦੀਕ ਕਰਨ ਉਪਰੰਤ ਸਿੱਖਿਆਰਥੀਆਂ ਨੂੰ ਦੇ ਦਿੱਤੇ ਜਾਣ। ਇਸ ਸਬੰਧੀ ਕਿਸੇ ਤਰ੍ਹਾਂ ਦੀ ਕੋਈ ਕੁਤਾਹੀ ਦੀ ਨਿੱਜੀ ਜਿੰਮੇਵਾਰੀ ਸਬੰਧਤ ਪ੍ਰਿੰਸੀਪਲ ਦੀ ਹੋਵੇਗੀ ਅਤੇ ਪ੍ਰੀਖਿਆ ਸਬੰਧੀ ਜਮ੍ਹਾਂ ਕਰਵਾਈ ਗਈ ਫੀਸ ਦੀ ਰਾਸ਼ੀ ਅਤੇ ਵਿਦਿਆਰਥੀਆਂ ਦੀ ਗਿਣਤੀ ਵੇਖ ਲਈ ਜਾਵੇ।

ਰਾਜ ਦੇ ਸਮੂਹ ਸਬੰਧਤ ਪ੍ਰਿੰਸੀਪਲਾਂ ਨੂੰ ਇਹ ਹਦਾਇਤ ਵੀ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਸਿੱਖਿਆਰਥੀਆਂ ਦੀ ਇਹ ਪ੍ਰੀਖਿਆ ਲਈ ਜਾਣੀ ਹੈ ਉਨ੍ਹਾਂ ਵੱਲੋਂ ਸਮੈਸਟ ਇੱਕ ਦੀ ਬਣਦੀ ਪ੍ਰੀਖਿਆ ਸਬੰਧੀ ਫੀਸ ਜੋ ਕਿ (1850+120 =1970 ਰੁ:) ਲੈਕੇ ਡਾਇਰੈਕਟਰ, ਐਸ.ਸੀ.ਈ.ਆਰ.ਟੀ, ਪੰਜਾਬ ਦੇ ਅਕਾਂਊਂਟ ਨੰਬਰ 50100161510185 (IFSC Code HDFC0000450) ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਹੈ। ਇਸ ਸਬੰਧੀ ਉਨ੍ਹਾਂ ਦੀ ਆਪਣੀ ਨਿੱਜੀ ਜਿੰਮੇਵਾਰੀ ਹੋਵੇਗੀ।

ਇਸ ਦੇ ਨਾਲ ਹੀ ਕੱਟ ਲਿਸਟਾਂ ਦੀ ਪੀ.ਡੀ.ਐਫ ਫਾਇਲ ਇਸ ਮੇਲ ਨਾਲ ਭੇਜੀ ਜਾ ਰਹੀ ਹੈ, ਰੋਲ ਨੰਬਰ ਜਾਰੀ ਕਰਵਾਉਣ ਹਿੱਤ (ਡਾਇਰੈਕਟਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ) ਤਿੰਨ ਤਿੰਨ ਕੱਟ ਲਿਸਟਾਂ ਡਾਊਨਲੋਡ ਕਰਕੇ ਪ੍ਰਿੰਟ ਕਰ ਲਈਆਂ ਜਾਣ। ਕਾਲਜ ਪ੍ਰਿੰਸੀਪਲ ਵੱਲੋਂ ਰੋਲ ਨੰਬਰ/ਐਡਮਿਟ ਕਾਰਡ ਜਾਰੀ ਕਰਨ ਸਮੇਂ ਹੇਠ ਲਿੱਖੀਆਂ ਹਦਾਇਤਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ:-

1) ਰੋਲ ਨੰਬਰ ਅਟੈਂਡੈਂਸ ਸ਼ੀਟ ਦੇ ਹਰੇਕ ਪੰਨੇ ਦੇ ਹੇਠਲੇ ਭਾਗ ਵਿੱਚ ਇਹ ਸਪਸ਼ਟ ਕੀਤਾ ਜਾਵੇ ਕਿ ਇਨ੍ਹਾਂ ਸਾਰੇ ਵਿਦਿਆਰਥੀਆਂ ਦਾ ਦਾਖਲਾ ਵਿਭਾਗ ਵੱਲੋਂ ਕੀਤਾ ਗਿਆ ਹੈ ਜਾਂ ਮੈਨੇਜਮੈਂਟ ਕੋਟੇ ਅਧੀਨ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਨਿਰਧਾਰੀਤ ਸੀਟਾਂ ਦੇ ਅੰਦਰ ਹੀ ਕੀਤਾ ਗਿਆ ਹੈ।

2) ਉਪਰੋਕਤ ਦਰਸਾਏ ਸਾਰੇ ਵਿਦਿਆਰਥੀਆਂ (ਪਹਿਲ ਸਮੈਸਟਰ ਰੈਗੂਲਰ) ਨੇ ਰੂਲਾਂ/ਹਦਾਇਤਾਂ ਅਨੁਸਾਰ ਪੜ੍ਹਾਈ ਦੇ 100 ਦਿਨ ਪੂਰੇ ਕਰ ਲਏ ਹਨ ਅਤੇ ਟੀਚਿੰਗ ਪ੍ਰੈਕਟਿਸ ਵੀ ਸਫਲਤਾਪੂਰਵਕ ਮੁਕੰਮਲ ਕਰ ਲਈ ਹੈ ਅਤੇ ਸੰਸਥਾ ਵਿੱਚੋਂ ਇਨ੍ਹਾਂ ਦਾ ਨਾਮ ਕੱਟਿਆ ਨਹੀਂ ਹੋਇਆ ਹੈ ਅਤੇ ਇਨ੍ਹਾਂ ਵਿਦਿਆਰਥੀਆਂ ਨੇ ਪਿਛਲੇ ਸਮੈਸਟਰਾਂ ਦੇ ਫ੍ਹੇਲ ਜਾਂ ਰੀਅਪੀਅਰ ਦੇ ਪੇਪਰ ਦਿੱਤੇ ਹੋਏ ਹਨ (ਰੂਲਾਂ/ਹਦਾਇਤਾਂ ਅਨੁਸਾਰ 25 ਪ੍ਰਤੀਸ਼ਤ ਹਾਜ਼ਰੀਆਂ ਸਬੰਧਤ ਸੰਸਥਾ ਦੇ ਪ੍ਰਿੰਸੀਪਲ ਕੰਡੋਨ ਕਰ ਸਕਦੇ ਹਨ)।

3) ਸਬੰਧਤ ਵਿਦਿਆਰਥੀਆਂ ਦੀ ਨਿਰਧਾਰਿਕ ਪ੍ਰੀਖਿਆ ਫੀਸ ਸਬੰਧਤ ਅਕਾਂਊਂਟ ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਹੈ।

4) ਰੋਲ ਨੰਬਰ ਸਲਿਪ ਅਤੇ ਵਿਦਿਆਰਥੀਆਂ ਦੇ ਰੋਲ ਨੰਬਰ, ਅਟੈਂਡੈਂਸ ਸ਼ੀਟ ਦੇ ਹਰੇਕ ਪੰਨੇ ਤੇ ਸਿੱਖਆਰਥੀਆਂ ਦੀ ਫੋਟੋ ਤੇ ਸਬੰਧਤ ਸੰਸਥਾ ਦੇ ਪ੍ਰਿੰਸੀਪਲ ਦੀ ਕਰਾਸ ਕੀਤੀ ਗਈ ਸਟੈਂਪ ਸਮੇਤ ਹਸਤਾਖਰ ਹੋਣੇ ਚਾਹੀਦੇ ਹਨ ਅਤੇ ਰੋਲ ਨੰਬਰ ਤੇ ਸਿੱਖਿਆਰਥੀ ਦੇ ਹਸਤਾਖਰ ਵੀ ਹੋਣੇ ਚਾਹੀਦੇ ਹਨ।

5) ਕੱਟ ਲਿਸਟਾਂ ਤੇ ਸਿੱਖਿਆਰਥੀਆਂ ਦੀਆਂ ਅਸਲ ਫੋਟੋਆਂ ਹੀ ਲਗਾਈਆਂ ਜਾਣ, ਫੋਟੋ ਕਾਪੀ ਤੋਂ ਗੁਰੇਜ ਕੀਤਾ ਜਾਵੇ।

6) ਉਪਰੋਕਤ ਤੋਂ ਇਲਾਵਾ ਕੱਟ ਲਿਸਟਾਂ ਦੇ ਆਖੀਰਲੇ ਪੰਨੇ ਤੇ ਇਹ ਵੀ ਤਸਦੀਕ ਕੀਤਾ ਜਾਵੇ ਕਿ ਕੱਟ ਲਿਸਟ ਵਿੱਚ ਦਰਸਾਏ ਸਾਰੇ ਸਿੱਖਿਆਰਥੀ ਰੂਲਾਂ ਅਨੁਸਾਰ ਹਾਜ਼ਰੀਆਂ ਪੂਰੀਆਂ ਕਰਦੇ ਹਨ।

7) ਇਨ੍ਹਾਂ ਕੱਟ ਲਿਸਟਾਂ ਦੀ ਇੱਕ ਇੱਕ ਕਾਪੀ ਦਫ਼ਤਰ ਐਸ.ਸੀ.ਈ.ਆਰ.ਟੀ, ਪ੍ਰੀਖਿਆ ਸ਼ਾਖਾ, ਪੰਜਾਬ, ਮੋਹਾਲੀ ਵਿੱਖੇ ਰਜਿਸਟਰਡ ਪੋਸਟ ਰਾਹੀਂ ਭੇਜਣੀ ਯਕੀਨੀ ਬਣਾਈ ਜਾਵੇ।

8) ਪੋਰਟਲ ਤੇ ਅੱਪ ਲੋਡ ਕੀਤੀ ਡੇਟਸ਼ੀਟ ਦੀ ਕਾਪੀ ਹਰ ਵਿਦਿਆਰਥੀ ਨੂੰ ਦੇਣੀ ਯਕੀਨੀ ਬਣਾਈ ਜਾਵੇ।

Bimla
.01.19
ਮੁਲਾਂਕਣ ਅਫ਼ਸਰ,
ਐਸ.ਸੀ.ਈ.ਆਰ.ਟੀ, ਪੰਜਾਬ।
ਟ:ਪ

4) ਰੋਲ ਨੰਬਰ ਸਲਿਪ ਅਤੇ ਵਿਦਿਆਰਥੀਆਂ ਦੇ ਰੋਲ ਨੰਬਰ, ਅਟੈਂਡੈਂਸ ਸ਼ੀਟ ਦੇ ਹਰੇਕ ਪੰਨੇ ਤੇ ਸਿੱਖਿਆਰਥੀਆਂ ਦੀ ਫੋਟੋ ਤੇ ਸਬੰਧਤ ਸੰਸਥਾ ਦੇ ਪ੍ਰਿੰਸੀਪਲ ਦੀ ਕਰਾਸ ਕੀਤੀ ਗਈ ਸਟੈਂਪ ਸਮੇਤ ਹਸਤਾਖਰ ਹੋਣੇ ਚਾਹੀਦੇ ਹਨ ਅਤੇ ਰੋਲ ਨੰਬਰ ਤੇ ਸਿੱਖਿਆਰਥੀ ਦੇ ਹਸਤਾਖਰ ਵੀ ਹੋਣੇ ਚਾਹੀਦੇ ਹਨ।

5) ਉਪਰੋਕਤ ਤੋਂ ਇਲਾਵਾ ਕੱਟ ਲਿਸਟਾਂ ਦੇ ਅਖੀਰਲੇ ਪੰਨੇ ਤੇ ਇਹ ਵੀ ਤਸਦੀਕ ਕੀਤਾ ਜਾਵੇ ਕਿ ਕੱਟ ਲਿਸਟ ਵਿੱਚ ਦਰਸਾਏ ਸਾਰੇ ਸਿੱਖਿਆਰਥੀ ਰੂਲਾਂ ਅਨੁਸਾਰ ਹਾਜ਼ਰੀਆਂ ਪੂਰੀਆਂ ਕਰਦੇ ਹਨ।

6) ਇਨ੍ਹਾਂ ਕੱਟ ਲਿਸਟਾਂ ਦੀ ਇੱਕ ਇੱਕ ਕਾਪੀ ਦਫ਼ਤਰ ਐਸ.ਸੀ.ਈ.ਆਰ.ਟੀ, ਪ੍ਰੀਖਿਆ ਸ਼ਾਖਾ, ਪੰਜਾਬ, ਮੋਹਾਲੀ ਵਿੱਖੇ ਰਜਿਸਟਰਡ ਪੋਸਟ ਰਾਹੀਂ ਭੇਜਣੀ ਯਕੀਨੀ ਬਣਾਈ ਜਾਵੇ।

7) ਪੋਰਟਲ ਤੇ ਅੱਪ ਲੋਡ ਕੀਤੀ ਡੇਟਸ਼ੀਟ ਦੀ ਕਾਪੀ ਹਰ ਵਿਦਿਆਰਥੀ ਨੂੰ ਦੇਣੀ ਯਕੀਨੀ ਬਣਾਈ ਜਾਵੇ।

ਮੁਲਾਂਕਣ ਅਫ਼ਸਰ,
ਐਸ.ਸੀ.ਈ.ਆਰ.ਟੀ, ਪੰਜਾਬ।